# ਨਗਰ ਨਿਗਮ ਬਠਿੰਡਾ

ਨਗਰ ਨਿਗਮ ਬਠਿੰਡਾ ਵੱਲੋਂ ਹੇਠਾਂ ਦਰਸਾਈਆਂ ਦੁਕਾਨਾਂ ਅਤੇ ਕੰਟੀਨਾਂ ਨੂੰ E-Auction ਪ੍ਰਣਾਲੀ ਰਾਹੀਂ ਠੇਕੇ ਤੇ ਦਿੱਤੀਆਂ ਜਾਣੀਆਂ ਹਨ, ਜਿਸ ਸਬੰਧੀ ਨਿਲਾਮੀ ਦੀ ਸ਼ਰਤਾਂ ਹੇਠ ਲਿਖੇ ਅਨੁਸਾਰ ਹਨ:-

**ਦੁਕਾਨਾਂ ਅਤੇ ਕੰਟੀਨ ਦਾ ਵੇਰਵਾ:-**

| ਲੜੀ ਨੰ: | ਦੁਕਾਨ ਨੰ: | ਮਾਰਕਿਟ ਦਾ ਨਾਮ | ਬਿਆਨਾ ਰਕਮ (ਰੁਪਏ) | ਰਿਜ਼ਰਵ ਕੀਮਤ (ਰੁਪਏ ਪ੍ਰਤੀ ਮਹੀਨਾ) | ਸਮਾਂ |
|---|---|---|---|---|---|
| 1 | 12 ਫਸਟ ਫਲੋਰ | ਗੋਲ ਡਿੱਗੀ ਮਾਰਕਿਟ | 50,000 | 6585 | 3 ਸਾਲ |
| 2 | 19 ਦੂਜੀ ਫਲੋਰ | ਗੋਲ ਡਿੱਗੀ ਮਾਰਕਿਟ | 50,000 | 7128 | 3 ਸਾਲ |
| 3 | 28 ਫਸਟ ਫਲੋਰ | ਗੋਲ ਡਿੱਗੀ ਮਾਰਕਿਟ | 50,000 | 3695 | 3 ਸਾਲ |
| 4 | 29 ਫਸਟ ਫਲੋਰ | ਗੋਲ ਡਿੱਗੀ ਮਾਰਕਿਟ | 50,000 | 4031 | 3 ਸਾਲ |
| 5 | 29 ਦੂਜੀ ਫਲੋਰ | ਗੋਲ ਡਿੱਗੀ ਮਾਰਕਿਟ | 50,000 | 3359 | 3 ਸਾਲ |
| 6 | 28 ਗਰਾਊਂਡ ਫਲੋਰ | ਗੋਲ ਡਿੱਗੀ ਮਾਰਕਿਟ | 50,000 | 8709 | 3 ਸਾਲ |
| 7 | 5-ਏ | ਫਾਇਰ ਸਟੇਸ਼ਨ | 2,00,000 | 30413 | 3 ਸਾਲ |
| 8 | 7 | ਫਾਇਰ ਸਟੇਸ਼ਨ | 2,00,000 | 28615 | 3 ਸਾਲ |
| 9 | 1, ਫਸਟ ਫਲੋਰ | ਨੇੜੇ ਨਿਗਮ ਦਫ਼ਤਰ | 1,00,000 | 9852 | 3 ਸਾਲ |
| 10 | ਕੰਟੀਨ | ਚਿਲਡਰਨ ਪਾਰਕ | 20,000 | 6807 | 3 ਸਾਲ |

**ਈ-ਆਕਸ਼ਨ ਸਬੰਧੀ ਬੋਲੀਕਾਰਾਂ ਨੂੰ ਹਦਾਇਤਾਂ:-**

1. ਈ-ਆਕਸ਼ਨ ਪ੍ਰੀਕ੍ਰਿਆ ਸਬੰਧੀ ਕਿਸੇ ਸਪੱਸ਼ਟੀਕਰਨ ਲਈ, ਜਾਇਦਾਦਾਂ ਦੇ ਵੇਰਵੇ, ਹੋਰ ਨਿਯਮ ਅਤੇ ਸ਼ਰਤਾਂ www.tenderwizard.com/DLGP ਦੇ ਨਾਲ-ਨਾਲ ਦਫਤਰ ਦੇ ਸਮੇਂ ਦੌਰਾਨ ਕਿਸੇ ਵੀ ਕੰਮ-ਕਾਰ ਵਾਲੇ ਦਿਨ ਰੈਂਟ ਬਰਾਂਚ, ਨਗਰ ਨਿਗਮ ਬਠਿੰਡਾ ਦੇ ਦਫਤਰ, ਕਮਰਾ ਨੰ: 20 ਵਿਖੇ ਦੇਖੀਆ ਜਾ ਸਕਦੀਆ ਹਨ।
2. ਨਿਯਮਾਂ ਅਤੇ ਸ਼ਰਤਾਂ ਵਿੱਚ ਕੋਈ ਤਬਦੀਲੀ, ਗਲਤੀ ਜਾਂ ਸੋਧ ਹੇਠਾਂ ਦਿੱਤੀ ਵੈਬਸਾਈਟ www.tenderwizard.com/DLGP ਅਤੇ ਨਗਰ ਨਿਗਮ, ਬਠਿੰਡਾ ਦੀ ਵੈਬਸਾਈਟ www.mcbathinda.com ਤੇ ਅੱਪਲੋਡ ਕੀਤੀ ਜਾਵੇਗੀ।ਅਖਬਾਰਾਂ ਵਿੱਚ ਕੋਈ ਵੱਖਰਾਂ ਕੋਰੀਜੰਡਮ ਜਾਰੀ ਨਹੀਂ ਕੀਤਾ ਜਾਵੇਗਾ। ਇਸ ਲਈ ਸਾਰੇ ਦਿਲਚਸਪ ਬੋਲੀਕਾਰਾਂ ਨੂੰ ਇਹਨਾਂ ਵੈਬਸਾਈਟਾਂ ਦੇ ਸੰਪਰਕ ਵਿੱਚ ਰਹਿਣਾ ਚਾਹੀਦਾ ਹੈ।
3. ਬੋਲੀਕਾਰ ਬੋਲੀ ਸ਼ੁਰੂ ਹੋਣ ਤੋਂ ਪਹਿਲਾਂ ਨਿਰਧਾਰਤ ਬਿਆਨਾ ਰਕਮ ਜਮ੍ਹਾ ਕਰਵਾਉਣ ਦੇ ਨਾਲ-2 ਆਨ-ਲਾਈਨ ਬੋਲੀ ਦੀ ਤਕਨੀਕੀ ਬਿੱਡ ਐਨ.ਆਈ.ਟੀ. ਦੀ ਸ਼ਰਤਾਂ ਅਨੁਸਾਰ ਜਮ੍ਹਾ ਕਰੇਗਾ।
4. ਬੋਲੀਕਾਰਾਂ ਨੂੰ ਆਨ-ਲਾਈਨ ਪ੍ਰੋਸੈਸਿੰਗ ਫੀਸ ਦਾ ਭੁਗਤਾਨ ਕਰਨਾ ਪਵੇਗਾ।
5. ਹਰੇਕ ਬੋਲੀਕਾਰ ਈ-ਆਕਸ਼ਨ ਪੋਰਟਲ www.tenderwizard.com/DLGP ਤੇ ਰਜਿਸਟਰ ਹੋਣਾ ਜਰੂਰੀ ਹੈ।

Scanned with CamScanner

6. ਬੋਲੀ ਬਦਲਣ ਯੋਗ ਨਹੀਂ ਹੈ।

7. ਬੋਲੀਕਾਰਾਂ ਨੂੰ ਸਪੱਸ਼ਟ ਰੂਪ ਵਿੱਚ ਅੰਕੜਿਆ ਵਿੱਚ ਰਕਮ ਦਾ ਹਵਾਲਾ ਦੇਣਾ ਪਏਗਾ।

8. ਮਾਨਯੋਗ ਕਮਿਸ਼ਨਰ/ਨਿਗਰਾਨ ਇੰਜੀਨੀਅਰ, ਨਗਰ ਨਿਗਮ,ਬਠਿੰਡਾ ਨੂੰ ਕਿਸੇ ਵੀ ਨਵੇਂ ਨਿਯਮ/ਸ਼ਰਤਾਂ ਸ਼ਾਮਲ ਕਰਨ ਜਾਂ ਕਿਸੇ ਵੀ ਸ਼ਰਤ ਨੂੰ ਕੱਟਣ ਦਾ ਅਧਿਕਾਰ ਹੋਵੇਗਾ।

9. ਬੋਲੀਕਾਰਾਂ ਦੀ ਸੰਭਾਵਤ ਗਤੀਵਿਧੀਆਂ ਦੀ ਵਿਆਪਕ ਰੂਪਰੇਖਾ:-

ੳ. ਡਿਜੀਟਲ ਸਾਈਨਿੰਗ ਸਰਟੀਫਿਕੇਟ (DSC) ਖਰੀਦੋ।

ਅ. www.tenderwizard.com/DLGP ਤੇ ਰਜਿਸਟਰ ਕਰੋ।

ੲ. Tenderwizard ਪੋਰਟਲ ਤੇ ਨੋਟਿਸ ਅਤੇ ਨਿਯਮ/ਸ਼ਰਤਾਂ ਵੇਖੋ।

ਸ. Tenderwizard ਪੋਰਟਲ ਤੋਂ ਦਸਤਾਵੇਜ਼ਾਂ ਦੀ Official ਕਾਪੀ ਡਾਊਨਲੋਡ ਕਰੋ।

ਹ. Tenderwizard ਪੋਰਟਲ ਤੇ ਬੋਲੀ ਜਮ੍ਹਾ ਕਰਨਾ।

ਕ. Tenderwizard ਪੋਰਟਲ ਤੇ ਨਤੀਜਾ।

10. ਇਸ ਈ-ਆਕਸ਼ਨੀ ਵਿੱਚ participate ਕਰਨ ਲਈ ਹਦਾਇਤਾਂ ਨੂੰ ਧਿਆਨ ਨਾਲ ਪੜ੍ਹਨ ਦੀ ਲੋੜ ਹੈ। ਇਹ ਨਿਰਦੇਸ਼ www.tenderwizard.com/DLGP ਤੇ ਵਧੇਰੇ ਵਿਸਥਾਰਪੂਰਵਕ ਵਾਚੇ ਜਾ ਸਕਦੇ ਹਨ। ਈ-ਆਕਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲੈਣ ਲਈ ਵੈਬਸਾਈਟ ਦੀ ਹੈਲਪ ਲਾਈਨ ਨੰਬਰ 0172-5035985, 92572-09340 ਚੰਡੀਗੜ੍ਹ ਨਾਲ ਸੰਪਰਕ ਕਰ ਸਕਦੇ ਹੋ।

11.ਰਜਿਟ੍ਰੇਸ਼ਨ : ਬੋਲੀਦਾਤਾ ਨੂੰ www.tenderwizard.com/DLGP ਨਾਲ ਰਜਿਸਟਰ ਕਰਨਾ ਹੋਵੇਗਾ (ਜੇਕਰ ਨਹੀਂ ਹੋਇਆ)

**ਰਜਿਸਟ੍ਰੇਸ਼ਨ ਕਰਨ ਦੀ ਵਿਧੀ ਹੇਠ ਲਿਖੇ ਅਨੁਸਾਰ ਹੈ:-**

ੳ. www.tenderwizard.com/DLGP link ਤੇ ਜਾਉ।

ਅ. ਹੋਮ ਪੇਜ਼ ਵਿੱਚ ਨਵੀਂ ਰਜਿਸਟ੍ਰੇਸ਼ਨ ਤੇ ਕਲਿਕ ਕਰੋ।

ੲ. ਰਜਿਸਟ੍ਰੇਸ਼ਨ ਵਿੱਚ ਬੋਲੀਕਾਰ ਨੂੰ ਬਿਨੈਕਾਰ ਦੇ ਵੇਰਵੇ ਪੂਰੇ ਕਰਨੇ ਪੈਣਗੇ, ਘੱਟੋਂ ਘੱਟ ਸਵੈ-ਪ੍ਰਮਾਣਿਤ ਦਸਤਾਵੇਜ਼ (ਜਿਵੇਂ ਕਿ ਪੈਨ ਕਾਰਡ, ਜੀ.ਐਸ.ਟੀ., ਕੋਈ ਵੀ ID Proof ਅਤੇ ਫਰਮ ਦੀ ਰਜਿਸਟ੍ਰੇਸ਼ਨ) ਅਤੇ ਡਿਜੀਟਲ ਦਸਤਖਤ ਆਦਿ ਨੂੰ ਅਪਲੋਡ ਕਰਨਾ ਪਏਗਾ।

ਸ. ਫਾਰਮ ਜਮ੍ਹਾ ਕਰਨ ਤੋਂ ਬਾਅਦ User ID ਅਤੇ Password ਰਸੀਦ ਦੇ ਰੂਪ ਵਿੱਚ ਪ੍ਰਾਪਤ ਹੋਵੇਗਾ।

ਨੋਟ:- ਰਜਿਸਟ੍ਰੇਸ਼ਨ ਦੇ ਵੇਰਵੇ ਸਫਲਤਾਪੂਰਵਕ ਪੇਸ਼ ਕਰਨ ਤੋਂ ਬਾਅਦ ਐਕਟਿਵੇਸ਼ਨ ਲਿੰਕ ਤੇ ਕਲੀਕ ਕਰਕੇ ID activation ਲਈ ਇੱਕ ਈਮੇਲ ਪ੍ਰਾਪਤ ਹੋਵੇਗਾ।

ਈ-ਆਕਸ਼ਨ ਦੇ ਸਬੰਧ ਵਿੱਚ ਕੋਈ ਪੁੱਛਗਿੱਛ ਹੋਣ ਦੀ ਸਥਿਤੀ ਵਿੱਚ ਬੋਲੀਕਰਤਾ Tenderwizard ਦੇ ਦਫਤਰ ਨੰ: 0172-5035985, 92572-09340 (ਚੰਡੀਗੜ੍ਹ) ਨਾਲ ਸੰਪਰਕ ਕਰੋ।

12.ਸਾਰੇ ਬੋਲੀਕਾਰਾਂ ਨੂੰ ਆਪਣੇ-ਆਪ ਨੂੰ ਪਹਿਲਾਂ ਤੋਂ ਰਜਿਸਟ੍ਰੇਸ਼ਨ ਕਰਾਉਣ ਦੀ ਬੇਨਤੀ ਕੀਤੀ ਜਾਂਦੀ ਹੈ ਅਤੇ ਦੇਰੀ ਲਈ ਕੋਈ ਵਾਧੂ ਸਮਾਂ ਨਹੀਂ ਦਿੱਤਾ ਜਾਵੇਗਾ।

Scanned with CamScanner

## ਨਿਯਮ ਅਤੇ ਸ਼ਰਤਾਂ:-

1. ਹਰੇਕ ਬੋਲੀਕਾਰ ਹਰੇਕ ਦੁਕਾਨਾਂ ਅਤੇ ਕੰਟੀਨਾਂ ਲਈ ਬਣਦੀ ਬਿਆਨਾ ਰਕਮ ਬੋਲੀ ਸ਼ੁਰੂ ਹੋਣ ਤੋਂ ਪਹਿਲਾਂ ਈ-ਆਕਸ਼ਨ ਪੋਰਟਲ www.tenderwizard.com/DLGP ਰਾਹੀਂ ਆਨ-ਲਾਈਨ ਜਮ੍ਹਾ ਕਰਵਾਏਗਾ।ਸਫਲ ਬੋਲੀਕਾਰ ਨੂੰ ਛੱਡਕੇ, ਬੋਲੀ ਪ੍ਰਵਾਨ ਹੋਣ ਤੋਂ ਬਾਅਦ ਬਾਕੀ ਬੋਲੀਕਾਰਾਂ ਦੀ ਬਿਆਨਾ ਰਕਮ ਆਨ-ਲਾਈਨ ਰਿਫੰਡ ਕੀਤੀ ਜਾਵੇਗੀ।
2. ਬੋਲੀਕਾਰ ਆਨ-ਲਾਈਨ ਬਿਆਨਾ ਰਕਮ ਜਮ੍ਹਾ ਕਰਾਉਣ ਸਮੇਂ ਸਵੈ-ਘੋਸ਼ਣਾ ਪੱਤਰ ਅੱਪਲੋਡ ਕਰੇਗਾ ਕਿ ਉਹ ਨਗਰ ਨਿਗਮ ਦਾ ਕਿਸੇ ਕਿਸਮ ਦਾ ਡਿਫਾਲਟਰ ਨਹੀਂ ਹੈ ਅਤੇ ਆਪਣਾ ਇੱਕ ਸਨਾਖਤੀ ਸਬੂਤ ਜਿਵੇਂ ਕਿ ਅਧਾਰ ਕਾਰਡ, ਪੈਨ ਕਾਰਡ, ਵੋਟਰ ਕਾਰਡ ਆਦਿ ਵਿੱਚੋਂ ਕੋਈ ਇੱਕ ਦਸਤਾਵੇਜ਼ ਸਬੂਤ ਵਜੋਂ ਈ-ਆਕਸ਼ਨ ਪੋਰਟਲ www.tenderwizard.com/DLGP ਤੇ ਅੱਪਲੋਡ ਕਰੇਗਾ।
3. ਜੇਕਰ ਬੋਲੀ ਦੌਰਾਨ ਆਖਰੀ 10 ਮਿੰਟਾਂ ਵਿੱਚ ਕਿਸੇ ਬੋਲੀਕਾਰ ਵੱਲੋਂ ਬੋਲੀ ਦਿੱਤੀ ਜਾਂਦੀ ਹੈ ਤਾਂ ਬੋਲੀ ਲਗਾਉਣ ਦਾ ਸਮਾਂ ਆਪਣੇ-ਆਪ (Automatic) 30 ਮਿੰਟ ਲਈ ਵੱਧ ਜਾਵੇਗਾ ਤਾਂ ਜੋ ਦੂਸਰੇ ਬੋਲੀਕਾਰਾਂ ਨੂੰ ਬੋਲੀ ਵਿੱਚ ਬਰਾਬਰ ਦਾ ਮੌਕਾ ਮਿਲ ਸਕੇ।ਨਿਲਾਮੀ/ਬੋਲੀ ਉਦੋਂ ਹੀ ਬੰਦ ਹੋਵੇਗੀ ਜਦੋਂ ਪਿੱਛਲੇ 10 ਮਿੰਟਾਂ ਦੇ ਸਮੇਂ ਦੌਰਾਨ ਕੋਈ ਹੋਰ ਵਾਧਾ ਦਰਜ਼ ਨਹੀਂ ਕੀਤਾ ਜਾਂਦਾ ਹੈ।(For example: If the auction is closing at 14.00 Hrs and if any bidder bids between 13.50 Hrs and 14.00 Hrs, the auto auction extension will extend the auction closing time to 14.30 Hrs, and if any bidder bids between 14.20 Hrs and 14.30 Hrs, it will be extended to 15.00 Hrs and so on.)
4. ਬੋਲੀ ਦੌਰਾਨ ਬੋਲੀਕਾਰ ਵੱਲੋਂ ਦਿੱਤੀ ਜਾਣ ਵਾਲੀ ਬੋਲੀ ਵਿੱਚ ਵਾਧਾ ਘੱਟੋਂ ਘੱਟ 500/- ਰੁਪਏ ਦਾ ਹੋਵੇਗਾ।
5. ਦੁਕਾਨਾਂ ਅਤੇ ਕੰਟੀਨਾਂ ਈ-ਆਕਸ਼ਨ ਰਾਹੀਂ ਹੀ ਠੇਕੇ ਤੇ ਦਿੱਤੀ ਜਾਵੇਗੀ। ਬੋਲੀ ਲਈ ਤਿੰਨ ਬੋਲੀਕਾਰਾਂ ਦਾ ਹੋਣਾ ਜਰੂਰੀ ਹੈ। ਦੁਕਾਨਾਂ ਅਤੇ ਕੰਟੀਨਾਂ ਦਾ ਕਬਜਾ ਨਗਰ ਨਿਗਮ ਵੱਲੋਂ ਬੋਲੀ ਦੀ ਪ੍ਰਵਾਨਗੀ ਹੋਣ ਤੋਂ ਬਾਅਦ ਦਿੱਤਾ ਜਾਵੇਗਾ।
6. ਦੁਕਾਨਾਂ ਅਤੇ ਕੰਟੀਨਾਂ ਤਿੰਨ ਸਾਲ ਦੇ ਸਮੇਂ ਲਈ ਠੇਕੇ ਤੇ ਦਿੱਤੀ ਜਾਵੇਗੀ। ਬੋਲੀਕਾਰ ਵੱਲੋਂ ਬੋਲੀ ਦੀ ਪ੍ਰਵਾਨਗੀ ਮਗਰੋਂ ਇਕਰਾਰਨਾਮਾ ਸਰਕਾਰ ਦੇ ਨਿਯਮਾਂ ਅਨੁਸਾਰ ਅਸ਼ਟਾਮ ਤੇ ਕੀਤਾ ਜਾਵੇਗਾ। ਜੇਕਰ ਬੋਲੀਕਾਰ ਵੱਲੋਂ ਇਕਰਾਰਨਾਮਾ ਨਹੀਂ ਕੀਤਾ ਜਾਂਦਾ ਤਾਂ ਨਗਰ ਨਿਗਮ ਨੂੰ ਬੋਲੀਕਾਰ ਦੀ ਸਕਿਉਰਟੀ/ਬਿਆਨਾ ਰਕਮ ਜਬਤ ਕਰਨ ਦਾ ਅਧਿਕਾਰ ਹੋਵੇਗਾ।
7. ਸਫਲ ਬੋਲੀਕਾਰ ਦੁਕਾਨਾਂ ਅਤੇ ਕੰਟੀਨਾਂ ਦਾ ਕਬਜਾ ਲੈਣ ਤੋਂ ਪਹਿਲਾਂ ਇੱਕ ਸਾਲ ਦੇ ਠੇਕੇ ਦੇ ਬਰਾਬਰ ਬਣਦੀ ਰਕਮ ਦਾ 1/4 ਹਿੱਸਾ ਬਤੌਰ ਸਕਿਉਰਟੀ ਨਗਰ ਨਿਗਮ ਵਿਖੇ ਜਮ੍ਹਾ ਕਰਵਾਏਗਾ।ਸਕਿਉਰਟੀ ਵਜੋਂ ਜਮ੍ਹਾ ਕਰਵਾਈ ਰਕਮ ਤੇ ਵਿਆਜ ਨਹੀਂ ਦਿੱਤਾ ਜਾਵੇਗਾ। ਬਿਆਨੇ ਵਜੋਂ ਜਮ੍ਹਾ ਕਰਵਾਈ ਗਈ ਰਕਮ ਇਸ ਵਿੱਚ ਸ਼ਾਮਿਲ ਕੀਤੀ ਜਾਵੇਗੀ।
8. ਜੇਕਰ ਨਗਰ ਨਿਗਮ, ਬਠਿੰਡਾ ਨੂੰ ਕਿਸੇ ਹਾਲਾਤਾਂ ਕਾਰਨ ਦੁਕਾਨਾਂ ਅਤੇ ਕੰਟੀਨਾਂ ਨੂੰ ਬੰਦ ਕਰਨਾ ਪੈਂਦਾ ਹੈ ਤਾਂ ਤਿੰਨ ਮਾਹ ਦਾ ਨੋਟਿਸ ਦੇ ਕੇ ਖਾਲੀ ਕਰਵਾ ਸਕਦੀ ਹੈ। ਇਸੇ ਤਰ੍ਹਾਂ ਜੇਕਰ ਕਿਰਾਏਦਾਰ ਦੁਕਾਨਾਂ ਅਤੇ ਕੰਟੀਨਾਂ ਛੱਡਣਾ ਚਾਹੇ ਤਾਂ ਉਹ ਵੀ ਤਿੰਨ ਮਾਹ ਦਾ ਪੇਸ਼ਗੀ ਨੋਟਿਸ ਦੇ ਕੇ ਛੱਡ ਸਕਦਾ ਹੈ।
9. ਕਿਰਾਏਦਾਰ ਦੁਕਾਨਾਂ ਅਤੇ ਕੰਟੀਨਾਂ ਵਿੱਚ ਨਿਗਮ ਦੀ ਪੇਸ਼ਗੀ ਮੰਨਜੂਰੀ ਤੋਂ ਬਿਨਾਂ ਕਿਸੇ ਦੂਸਰੇ ਫਰੀਕ ਨੂੰ ਹਿੱਸੇਦਾਰ ਨਹੀਂ ਬਣਾ ਸਕਦਾ ਅਤੇ ਨਾ ਹੀ ਦੁਕਾਨਾਂ ਅਤੇ ਕੰਟੀਨਾਂ ਅਗੇ ਸਬ-ਲੇਟ ਕਰੇਗਾ।

Scanned with CamScanner

10. ਠੇਕੇ ਦੀ ਕਿਸ਼ਤ ਠੇਕਾ ਸ਼ੁਰੂ ਹੋਣ ਤੋਂ ਪਹਿਲਾਂ ਤਿਮਾਹੀ ਦੇ 7 ਦਿਨਾਂ ਦੇ ਅੰਦਰ-ਅੰਦਰ ਠੇਕੇਦਾਰ ਕਿਸ਼ਤ ਭਰਨ ਦਾ ਪਾਬੰਦ ਹੋਵੇਗਾ। ਦੇਰੀ ਨਾਲ ਕਿਸ਼ਤ ਦਾਖਲ ਕਰਨ ਦੀ ਸੂਰਤ ਵਿੱਚ 10% ਸਰਚਾਰਜ ਲੱਗੇਗਾ। ਜੇਕਰ ਠੇਕੇਦਾਰ ਕਿਸ਼ਤ ਜਮ੍ਹਾਂ ਕਰਵਾਉਣ ਵਿੱਚ 15 ਦਿਨਾਂ ਤੋਂ ਵੱਧ ਦੇਰੀ ਕਰਦਾ ਹੈ ਤਾਂ ਨਗਰ ਨਿਗਮ ਦੁਕਾਨਾਂ ਅਤੇ ਕੰਟੀਨਾਂ ਖਾਲੀ ਕਰਵਾ ਸਕਦੀ ਹੈ।

11. ਬੋਲੀ ਦੀ ਪ੍ਰਵਾਨਗੀ ਉਪਰੰਤ ਦੁਕਾਨਾਂ ਅਤੇ ਕੰਟੀਨਾਂ ਦਾ ਕਬਜਾ ਨਾ ਲੈਣ ਦੀ ਸੂਰਤ ਵਿੱਚ ਬੋਲੀਕਾਰ ਵੱਲੋਂ ਜਮ੍ਹਾ ਕਰਵਾਈ ਗਈ ਸਕਿਉਰਟੀ/ਬਿਆਨਾ ਰਕਮ ਜਬਤ ਕਰਕੇ ਮੁੜ ਤੋਂ ਬੋਲੀ ਕਰਵਾਉਣ ਦਾ ਨਗਰ ਨਿਗਮ ਨੂੰ ਅਧਿਕਾਰ ਹੋਵੇਗਾ।

12. **ਸਰਕਾਰ ਵੱਲੋਂ ਸਮੇਂ-ਸਮੇਂ ਸਿਰ ਜਦੋਂ ਠੇਕਾ ਵਧਾਉਣ ਜਾਂ ਘਟਾਉਣ ਸਬੰਧੀ ਹਦਾਇਤਾਂ ਪ੍ਰਾਪਤ ਹੋਣਗੀਆਂ, ਉਹਨਾਂ ਤੇ ਅਮਲ ਕਰਨ ਲਈ ਠੇਕੇਦਾਰ ਅਤੇ ਨਗਰ ਨਿਗਮ ਪਾਬੰਦ ਹੋਵੇਗਾ।**

13. ਇਹ ਦੁਕਾਨਾਂ ਅਤੇ ਕੰਟੀਨਾਂ ਦਾ ਕਬਜਾ ਸੰਭਾਲਣ ਦੀ ਮਿਤੀ ਤੋਂ ਤਿੰਨ ਸਾਲ ਲਈ ਠੇਕੇ ਤੇ ਦਿੱਤੀ ਜਾਵੇਗੀ। ਮਿਆਦ ਪੂਰੀ ਹੋਣ ਤੇ ਠੇਕੇਦਾਰ ਦੁਕਾਨਾਂ ਅਤੇ ਕੰਟੀਨਾਂ ਖਾਲੀ ਕਰਕੇ ਨਗਰ ਨਿਗਮ ਦੇ ਹਵਾਲੇ ਕਰਨ ਦਾ ਪਾਬੰਦ ਹੋਵੇਗਾ। ਜੇਕਰ ਠੇਕੇਦਾਰ ਇਕਰਾਰਨਾਮਾ ਪੂਰਾ ਹੋਣ ਤੋਂ ਬਾਅਦ ਦੁਕਾਨਾਂ ਅਤੇ ਕੰਟੀਨਾਂ ਅੱਗੇ ਲਈ ਰੱਖਣਾ ਚਾਹੇਗਾ ਤਾਂ ਉਹ ਮਿਆਦ ਪੂਰੀ ਹੋਣ ਤੋਂ ਤਿੰਨ ਮਹੀਨੇ ਪਹਿਲਾਂ ਲਿਖਤੀ ਰੂਪ ਵਿੱਚ ਦਰਖਾਸਤ ਦੇਵੇਗਾ ਕਿ ਉਹ 20% ਠੇਕਾ ਵਧਾਕੇ ਇਹ ਦੁਕਾਨਾਂ ਅਤੇ ਕੰਟੀਨਾਂ ਤਿੰਨ ਸਾਲ ਲਈ ਹੋਰ ਰੱਖਣਾ ਚਾਹੁੰਦਾ ਹੈ ਤਾਂ ਨਗਰ ਨਿਗਮ ਨਾਲ ਕਿਰਾਇਆਨਾਮਾ ਕਰਨ ਦਾ ਪਾਬੰਦ ਹੋਵੇਗਾ।

14. ਦੁਕਾਨਾਂ ਅਤੇ ਕੰਟੀਨਾਂ ਜਿਸ ਹਾਲਤ ਵਿੱਚ ਹੈ, ਉਸੇ ਹਾਲਤ ਵਿੱਚ ਹੀ ਠੇਕੇ ਤੇ ਦਿੱਤੀ ਜਾਵੇਗੀ।ਦੁਕਾਨਾਂ ਅਤੇ ਕੰਟੀਨਾਂ ਦੀ ਹਰ ਕਿਸਮ ਦੀ ਮੁਰੰਮਤ ਕਰਾਉਣ ਦੀ ਜਿੰਮੇਵਾਰੀ ਕਿਰਾਏਦਾਰ ਦੀ ਹੋਵੇਗੀ।

15. ਕੰਟੀਨਾਂ ਦਾ ਠੇਕੇਦਾਰ ਕੰਟੀਨਾਂ ਵਿੱਚ ਨਗਰ ਨਿਗਮ ਵੱਲੋਂ ਨਿਰਧਾਰਿਤ ਕੀਤੇ ਗਏ ਖਾਣ-ਪੀਣ ਦੇ ਸਮਾਨ ਅਤੇ ਨਿਗਮ ਵੱਲੋਂ ਮੁੱਕਰਰ ਕੀਤੇ ਰੇਟ ਚਾਰਜ ਕਰਨ ਦਾ ਪਾਬੰਦ ਹੋਵੇਗਾ, ਜੋ ਕਿ ਨਾਲ ਨੱਥੀ ਹਨ।

16. ਕੰਟੀਨਾਂ ਦਾ ਠੇਕੇਦਾਰ ਸਰਕਾਰ ਵੱਲੋਂ ਪਾਬੰਦੀ-ਸ਼ੁਦਾ ਪਲਾਸਟਿਕ ਜਾਂ ਪਲਾਸਟਿਕ ਤੋਂ ਬਣੀਆ ਵਸਤਾਂ ਦੀ ਵਰਤੋਂ ਨਹੀਂ ਕਰੇਗਾ। ਜੇਕਰ ਠੇਕੇਦਾਰ ਇਸ ਦੀ ਉਲੰਘਣਾ ਕਰਦਾ ਹੈ ਤਾਂ ਇਕਰਾਰਨਾਮਾ ਕੈਂਸਲ ਕਰਕੇ ਉਸ ਵਿਰੁੱਧ ਬਣਦੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

17. ਇਹ ਕਿ ਠੇਕੇਦਾਰ ਅਜਿਹੇ ਨੌਕਰ ਨਹੀਂ ਰੱਖੇਗਾ ਜੋ 14 ਸਾਲ ਤੋਂ ਛੋਟੀ ਉਮਰ ਦਾ ਹੋਵੇ ਜਾਂ ਕਿਸੇ ਵੀ ਕਾਨੂੰਨ ਦੀ ਉਲੰਘਣਾ ਕਰਦਾ ਹੋਵੇ। ਠੇਕੇਦਾਰ ਜੋ ਲੇਬਰ ਰੱਖੇਗਾ ਉਸ ਦੇ ਲਾਗੂ ਸਾਰੇ ਲੇਬਰ ਐਕਟ ਦੀ ਪਾਲਣਾ ਦਾ ਜਿੰਮੇਵਾਰ ਹੋਵੇਗਾ।

18. ਠੇਕੇਦਾਰ ਕੇਂਦਰ ਸਰਕਾਰ ਵੱਲੋਂ ਲਗਾਇਆ ਗਿਆ ਜੀ.ਐਸ.ਟੀ. ਜੋ ਇਸ ਸਮੇਂ 18% ਹੈ ਹਰੇਕ ਮਹੀਨੇ ਦੇ ਠੇਕੇ ਦੇ ਨਾਲ ਜਮ੍ਹਾ ਕਰਵਾਉਣ ਦਾ ਪਾਬੰਦ ਹੋਵੇਗਾ।ਇਸ ਤੋਂ ਇਲਾਵਾ ਸਮੇਂ-ਸਮੇਂ ਸਿਰ ਕੇਂਦਰ ਜਾਂ ਰਾਜ ਸਰਕਾਰ ਵੱਲੋਂ ਲੱਗਣ ਵਾਲੇ ਟੈਕਸਾਂ ਦੀ ਦਰ ਵਿੱਚ ਘਾਟਾ ਵਾਧਾ ਹੋਣ ਦੀ ਸੂਰਤ ਵਿਚ ਉਸੇ ਦਰ ਨਾਲ ਭਰਨ ਦਾ ਪਾਬੰਦ ਹੋਵੇਗਾ।

19. ਉਪਰੋਕਤ ਦਰਜ ਸ਼ਰਤਾਂ ਵਿੱਚੋਂ ਕਿਸੇ ਇੱਕ ਵੀ ਸ਼ਰਤ ਦੀ ਉਲੰਘਣਾ ਕਰਨ ਦੀ ਸੂਰਤ ਵਿੱਚ ਨਿਗਮ ਨੂੰ ਦੁਕਾਨਾਂ ਅਤੇ ਕੰਟੀਨਾਂ ਖਾਲੀ ਕਰਾਉਣ ਦਾ ਹੱਕ ਹੋਵੇਗਾ ਅਤੇ ਠੇਕੇਦਾਰ ਵੱਲੋਂ ਜਮ੍ਹਾ ਕਰਵਾਈ ਗਈ ਸਕਿਉਰਟੀ/ਬਿਆਨਾ ਰਕਮ ਜਬਤ ਕਰ ਲਿੱਤੀ ਜਾਵੇਗੀ ਅਤੇ ਠੇਕੇਦਾਰ ਦਾ ਕੋਈ ਉਜਰ ਨਹੀਂ ਮੰਨਿਆ ਜਾਵੇਗਾ।

Scanned with CamScanner

20. ਠੇਕੇਦਾਰ ਕੰਟੀਨਾਂ ਦੀ ਸਫਾਈ, ਲਾਈਟਿੰਗ ਸਿਸਟਮ, ਵਾਈਟਵਾਸ਼ ਅਤੇ ਵਧੀਆ ਡਿਜ਼ਾਈਨਰ ਫਰਨੀਚਰ ਅਤੇ ਕਾਊਂਟਰ ਆਪਣੇ ਪੱਧਰ ਤੇ ਰੱਖਣ ਦਾ ਪਾਬੰਦ ਹੋਵੇਗਾ

21. ਬੋਲੀ ਪ੍ਰਵਾਨ ਕਰਨ ਜਾਂ ਬੋਲੀ ਰੱਦ ਕਰਨ ਦੇ ਅਧਿਕਾਰ ਮਾਨਯੋਗ ਕਮਿਸ਼ਨਰ, ਨਗਰ ਨਿਗਮ, ਬਠਿੰਡਾ ਪਾਸ ਰਾਖਵੇਂ ਹਨ।

ਸੈਕੱਤਰ,
ਨਗਰ ਨਿਗਮ, ਬਠਿੰਡਾ।

ਕਮਿਸ਼ਨਰ,
ਨਗਰ ਨਿਗਮ, ਬਠਿੰਡਾ

Scanned with CamScanner

# ਦਫਤਰ ਨਗਰ ਨਿਗਮ ਬਠਿੰਡਾ

ਨੰ: 2059 ਮਿਤੀ 05/05/23

## ਜਨਤਕ ਸੂਚਨਾ

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਗਰ ਨਿਗਮ, ਬਠਿੰਡਾ ਵੱਲੋਂ ਦੁਕਾਨਾਂ ਅਤੇ ਕੰਟੀਨ ਨੂੰ ਈ-ਆਕਸ਼ਨ ਰਾਹੀਂ ਕਿਰਾਏ/ਠੇਕੇ ਤੇ ਦੇਣ ਸਬੰਧੀ ਬੋਲੀ ਕਰਵਾਈ ਜਾਣੀ ਹੈ। ਚਾਹਵਾਨ ਵਿਅਕਤੀ ਬੋਲੀ ਵਿੱਚ ਹਿੱਸਾ ਲੈ ਕੇ ਲਾਭ ਉਠਾਉਣ। ਬੋਲੀ ਸਬੰਧੀ ਸ਼ਰਤਾਂ www.tenderwizard.com/DLGP ਵੈਬਸਾਈਟ ਤੇ ਅਤੇ ਕਿਸੇ ਵੀ ਕੰਮ ਵਾਲੇ ਦਿਨ ਨਿਗਮ ਦੇ ਰੈਂਟ ਸ਼ਾਖਾ ਕਮਰਾ ਨੰ: 20 ਵਿਖੇ ਵੇਖੀਆਂ ਜਾ ਸਕਦੀਆਂ ਹਨ।

ਬੋਲੀ ਵਾਲੀਆਂ ਦੁਕਾਨਾਂ ਅਤੇ ਕੰਟੀਨਾਂ ਦਾ ਵੇਰਵਾ:-

| ਲੜੀ ਨੰ: | ਦੁਕਾਨ ਨੰ: | ਮਾਰਕਿਟ ਦਾ ਨਾਮ | ਬਿਆਨਾ ਰਕਮ (ਰੁਪਏ) | ਰਿਜ਼ਰਵ ਕੀਮਤ (ਰੁਪਏ ਪ੍ਰਤੀ ਮਹੀਨਾ) | ਸਮਾਂ |
|---|---|---|---|---|---|
| 1 | 12 ਫਸਟ ਫਲੋਰ | ਗੋਲ ਡਿੱਗੀ ਮਾਰਕਿਟ | 50,000 | 6585 | 3 ਸਾਲ |
| 2 | 19 ਦੂਜੀ ਫਲੋਰ | ਗੋਲ ਡਿੱਗੀ ਮਾਰਕਿਟ | 50,000 | 7128 | 3 ਸਾਲ |
| 3 | 28 ਫਸਟ ਫਲੋਰ | ਗੋਲ ਡਿੱਗੀ ਮਾਰਕਿਟ | 50,000 | 3695 | 3 ਸਾਲ |
| 4 | 29 ਫਸਟ ਫਲੋਰ | ਗੋਲ ਡਿੱਗੀ ਮਾਰਕਿਟ | 50,000 | 4031 | 3 ਸਾਲ |
| 5 | 29 ਦੂਜੀ ਫਲੋਰ | ਗੋਲ ਡਿੱਗੀ ਮਾਰਕਿਟ | 50,000 | 3359 | 3 ਸਾਲ |
| 6 | 28 ਗਰਾਊਂਡ ਫਲੋਰ | ਗੋਲ ਡਿੱਗੀ ਮਾਰਕਿਟ | 50,000 | 8709 | 3 ਸਾਲ |
| 7 | 5-ਏ | ਫਾਇਰ ਸਟੇਸ਼ਨ | 2,00,000 | 30413 | 3 ਸਾਲ |
| 8 | 7 | ਫਾਇਰ ਸਟੇਸ਼ਨ | 2,00,000 | 28615 | 3 ਸਾਲ |
| 9 | 1, ਫਸਟ ਫਲੋਰ | ਨੇੜੇ ਨਿਗਮ ਦਫ਼ਤਰ | 1,00,000 | 9852 | 3 ਸਾਲ |
| 10 | ਕੰਟੀਨ | ਚਿਲਡਰਨ ਪਾਰਕ | 20,000 | 6807 | 3 ਸਾਲ |

ਬੋਲੀ ਦੀ ਮਿਤੀ:-

| ਲੜੀ ਨੰ: | ਬਿੱਡਰ ਲਈ ਰਜਿਸਟ੍ਰੇਸ਼ਨ ਦੀ ਮਿਤੀ ਅਤੇ ਸਮਾਂ | ਬਿੱਡ ਰਜਿਸਟ੍ਰੇਸ਼ਨ ਚੈਕ ਕਰਨ ਦੀ ਮਿਤੀ ਅਤੇ ਸਮਾਂ | ਆਨ-ਲਾਈਨ ਬਿੱਡ ਦੀ ਮਿਤੀ ਅਤੇ ਸਮਾਂ |
|---|---|---|---|
| 1. | 05.05.2023 ਨੂੰ ਸ਼ਾਮ 05.00 ਵਜੇ ਤੋਂ 29.05.2023 ਨੂੰ ਸਵੇਰੇ 11.00 ਵਜੇ ਤੱਕ | 29.05.2023 ਨੂੰ ਦੁਪਹਿਰ 12.30 ਵਜੇ | 30.05.2023 ਨੂੰ ਸਵੇਰੇ 11.00 ਤੋਂ 01.06.2023 ਨੂੰ ਦੁਪਹਿਰ ਦੁਪਹਿਰ 12.00 ਵਜੇ ਤੱਕ |

ਈ-ਆਕਸ਼ਨ ਪ੍ਰਕ੍ਰਿਆ ਸਬੰਧੀ ਕਿਸੇ ਸਪਸ਼ਟੀਕਣ ਲਈ, ਹੋਰ ਨਿਯਮ ਅਤੇ ਸ਼ਰਤਾਂ ਲਈ www.tenderwizard.com/DLGP ਅਤੇ www.mcbathinda.com ਦੇ ਨਾਲ ਨਾਲ ਦਫ਼ਤਰੀ ਸਮੇਂ ਦੌਰਾਨ ਕਿਸੇ ਵੀ ਕੰਮ ਵਾਲੇ ਦਿਨ ਦਫ਼ਤਰ ਨਗਰ ਨਿਗਮ, ਬਠਿੰਡਾ ਵਿਖੇ ਵੇਖੀਆਂ ਜਾ ਸਕਦੀਆਂ ਹਨ।

ਸਕੱਤਰ,
ਨਗਰ ਨਿਗਮ ਇੰਜੀਨੀਅਰ

Scanned with CamScanner